ਬਾਣੀ ਦੀ ਵੰਡ:- ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਬਾਣੀ ਨੂੰ ਮੁੱਖ ਤੌਰ 'ਤੇ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਹਿੱਸੇ ਵਿਚ ਰਾਗਾਂ ਤੋਂ ਮੁਕਤ ਬਾਣੀਆਂ ਹਨ। ਇਸ ਵਿਚ ਨਿਤਨੇਮ ਦੀਆਂ ਬਾਣੀਆਂ ਆਉਂਦੀਆਂ ਹਨ। ਦੂਜੇ ਹਿੱਸੇ ਵਿਚ ਰਾਗ-ਬੱਧ ਬਾਣੀ ਹੈ। ਇਹ ਸਾਰੀ ਬਾਣੀ ਰਾਗਾਂ ਦੀ ਪ੍ਰਕ੍ਰਿਤੀ, ਸਰੂਪ ਤੇ ਪ੍ਰਭਾਵ ਅਨੁਸਾਰ ਹੈ। ਤੀਜੇ ਹਿੱਸੇ ਵਿਚ ਲਗਭਗ 78 ਪੰਨਿਆਂ ਵਿਚ ਫੁਟਕਲ ਬਾਣੀਆਂ ਹਨ। ਇਹ ਫੁਟਕਲ ਬਾਣੀਆਂ ਬਕਾਇਦਾ ਸਿਰਲੇਖਾਂ ਨਾਲ ਆਈਆਂ ਹਨ।

(ੳ) ਪਹਿਲਾ ਭਾਗ:- ਇਸ ਭਾਗ ਵਿਚ ਤਿੰਨ ਬਾਣੀਆਂ ਸ਼ਾਮਿਲ ਹਨ- ਜਪੁ, ਸੋਦਰ ਸੋ-ਪੁਰਖ ਅਤੇ ਸੋਹਿਲਾ।

(ਅ) ਦੂਜਾ ਭਾਗ:- ਦੂਜੇ ਭਾਗ ਵਿਚ ਉਹ ਬਾਣੀ ਸ਼ਾਮਿਲ ਹੈ ਜੋ 31 ਰਾਗਾਂ ਅਧੀਨ ਸੰਕਲਿਤ ਹੈ। ਇਹ ਸਭ ਤੋਂ ਵੱਡਾ ਭਾਗ ਆਖਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਹੁਤੀ ਬਾਣੀ ਰਾਗ-ਮੁਕਤ ਨਹੀਂ, ਸਗੋਂ ਰਾਗ-ਯੁਕਤ ਹੈ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ, "ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਸੰਗੀਤ-ਬੱਧ ਹੈ। ਇਕਸੁਰਤਾ ਅਤੇ ਇਕਾਗਰਤਾ ਬਾਣੀ ਰਚਨਾ ਦੀ ਵੀ ਮੂਲ ਸ਼ਰਤ ਹੈ ਭਗਤੀ ਅਤੇ ਚਿੰਤਨ ਦੀ ਵੀ। ਬਾਣੀ ਰਚਨਾ ਵਿਚ ਸੰਗੀਤ, ਇਕਸੁਰਤਾ ਅਤੇ ਇਕਾਗਰ ਬਿਰਤੀ ਉਤਪੰਨ ਕਰਨ ਦਾ ਪ੍ਰਮੁੱਖ ਸਾਧਨ ਹੈ। ਸੰਗੀਤ ਵਿਚ ਬੰਨ੍ਹੀ ਬਾਣੀ ਸਰੋਤਿਆਂ ਨੂੰ ਇਕਸੁਰ ਕਰਕੇ ਵਿਸਮਾਦ ਦੇ ਘਰ ਲੈ ਜਾਂਦੀ ਹੈ ਤਾਂ ਵੀ ਇਹ ਗੱਲ ਵਿਚਾਰਨ-ਯੋਗ ਹੈ ਕਿ ਗੁਰੂ ਸਾਹਿਬਾਨ ਨੂੰ ਆਪਣੀ ਕਵਿਤਾ ਰਾਗ ਬੰਦਸ਼ ਵਿਚ ਬੰਨ੍ਹਣ ਦੀ ਕਿਉਂ ਲੋੜ ਪਈ। ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਇਕੱਤਰ ਕਰਨ ਉਪਰੰਤ ਰਾਗਾਂ ਵਿਚ ਵੰਡ ਲਿਆ। ਹਰ ਰਾਗ ਵਿਚ ਮਹਲਾ ਅਨੁਸਾਰ ਤਰਤੀਬ ਦੇਣ ਤੋਂ ਬਾਦ ਭਗਤਾਂ ਦੀ ਬਾਣੀ ਜੋੜੀ ਗਈ। ਇਵੇਂ ਸਾਰਾ ਗੁਰੂ ਗ੍ਰੰਥ ਸਾਹਿਬ 31 ਰਾਗਾਂ ਵਿਚ ਇਕ ਖਾਸ ਤਰਤੀਬ ਵਿਚ ਬੱਝਾ ਹੋਇਆ ਹੈ। ਇਸ ਵਿਚ ਪਹਿਲਾ ਰਾਗ ਸ੍ਰੀ ਰਾਗ ਹੈ ਤੇ ਅੰਤਲਾ ਰਾਗ ਪ੍ਰਭਾਤੀ ਹੈ।

(ੲ) ਤੀਜਾ ਭਾਗ:- ਜਿਹੜੀਆਂ ਬਾਣੀਆਂ ਕਿਸੇ ਰਾਗ ਅਧੀਨ ਨਹੀਂ ਰੱਖੀਆਂ ਗਈਆਂ ਉਹ ਤੀਜੇ ਭਾਗ ਵਿਚ ਆਉਂਦੀਆਂ ਹਨ। ਇਹ ਹਨ- (1) ਸਲੋਕ ਸਹਸਕ੍ਰਿਤੀ, (2) ਗਾਥਾ ਮਹਲਾ ੫, (3) ਫੁਨਹ ਮਹਲ ੫, (4) ਸਲੋਕ ਭਗਤ ਕਬੀਰ ਜੀਉ ਕੇ, (5) ਸਲੋਕ ਸੇਖ਼ ਫ਼ਰੀਦ ਕੇ, (6) ਸਵੱਯੇ ਸ੍ਰੀ ਮੁੱਖ ਵਾਕ ਮਹਲਾ ੫, (7) ਸਵੱਈਏ ਭੱਟ ਕੇ, (8) ਸਲੋਕ ਵਾਰਾਂ ਤੇ ਸਟੀਕ, (9) ਸਲੋਕ ਮਹਲਾ ੯, (10) ਮੁੰਦਾਵਣੀ ਮਹਲਾ ੫ ਅਤੇ (11) ਰਾਗਮਾਲਾ।

Scanned with CamScanner